**ਇਹ ਫਾਰਮ ਇਲੈਕਟ੍ਰਾਨਿਕ ਰੂਪ ਵਿੱਚ ਉਪਲੱਬਧ ਹੈ।**

OMB ਕੰਟਰੋਲ ਨੰਬਰ: 0560-0300
OMB ਦੀ ਮਿਆਦ ਦੀ ਤਾਰੀਖ: 11/30/2021

| **FSA-2601**<br>(05-24-2021) | **U.S. ਖੇਤੀਬਾੜੀ ਵਿਭਾਗ**<br>ਫਾਰਮ ਸੇਵਾ ਏਜੰਸੀ<br>**2021 ਦਾ ਅਮਰੀਕੀ ਬਚਾਅ ਯੋਜਨਾ ਐਕਟ (ARPA) ਸੈਕਸ਼ਨ 1005 ਕਰਜ਼ਾ ਭੁਗਤਾਨ** | ਸਥਿਤੀ 2 |
|---|---|---|

**5/28/2021**

ਜੋ ਫਾਰਮਰ ਜੂਨੀਅਰ (Joe Farmer Jr)
123 ਮੇਨ ਸਟ੍ਰੀਟ
ਸੂਈਟ 101
ਟੈਂਪਲ, ਟੈਕਸਸ 76501

ਪਿਆਰੇ ਕਰਜ਼ਾ ਲੈਣ ਵਾਲੇ,

FSA ਦੇ ਰਿਕਾਰਡ ਦਰਸਾਉਂਦੇ ਹਨ ਕਿ ਤੁਹਾਡਾ 1 ਜਨਵਰੀ 2021 ਨੂੰ ਸਿੱਧਾ ਕਰਜ਼ਾ(ਜ਼ੇ) ਸੀ ਅਤੇ ਇਹ ਕਿ ਤੁਸੀਂ 2021 ਦੇ ਅਮਰੀਕੀ ਬਚਾਅ ਯੋਜਨਾ ਐਕਟ (ARPA) ਕਰਜ਼ਾ ਭੁਗਤਾਨ ਪ੍ਰੋਗਰਾਮ ਅਧੀਨ ਭੁਗਤਾਨ ਦੇ ਯੋਗ ਹੋ। ਤੁਹਾਡੇ ਸਾਰੇ ਯੋਗ ਸਿੱਧੇ ਕਰਜ਼ੇ ਦੇ ਉਧਾਰ ਦਾ ਪੂਰਾ ਭੁਗਤਾਨ ਕੀਤਾ ਜਾਵੇਗਾ। ਯੋਗ ਸਿੱਧੇ ਕਰਜ਼ੇ ਦੇ ਉਧਾਰ ਵਿੱਚ ਫਾਰਮ ਭੰਡਾਰਨ ਸਹੂਲਤ ਕਰਜ਼ੇ (FSFL) ਦੇ ਨਾਲ-ਨਾਲ ਜ਼ਿਆਦਾਤਰ ਫਾਰਮ ਕਰਜ਼ਾ ਪ੍ਰੋਗਰਾਮ (FLP) ਸਿੱਧੇ ਕਰਜ਼ੇ ਸ਼ਾਮਲ ਹਨ। ਯੋਗ FLP ਕਰਜ਼ਾ ਕਿਸਮਾਂ ਵਿੱਚ ਸੰਭਾਲ, ਐਮਰਜੈਂਸੀ, ਫਾਰਮ ਦੀ ਮਾਲਕੀ (ਡਾਉਨ ਪੇਮੈਂਟ ਸਮੇਤ), ਚਰਾਉਣਾ, ਸਿੰਚਾਈ ਅਤੇ ਨਿਕਾਸੀ, ਸੰਚਾਲਨ (ਨੌਜਵਾਨ (ਯੂਥ) ਅਤੇ ਮਾਈਕਰੋ ਸਮੇਤ) ਅਤੇ ਮਿੱਟੀ ਅਤੇ ਪਾਣੀ ਸ਼ਾਮਲ ਹਨ। ਇਸ ਸੂਚਨਾ ਦੇ ਪੰਨੇ 4 ਤੋਂ ਸ਼ੁਰੂ ਹੋ ਰਹੀ ARPA ਗਣਨਾ ਵਰਕਸ਼ੀਟ, ਤੁਹਾਡੇ ਯੋਗ ਸਿੱਧੇ ਕਰਜ਼ੇ ਦੇ ਉਧਾਰ ਲਈ ਵਿਸਤ੍ਰਿਤ ਗਣਨਾਵਾਂ ਪ੍ਰਦਾਨ ਕਰਦੀ ਹੈ, ਜਿਸ ਵਿੱਚ ਅਜਿਹਾ ਕੋਈ ਵੀ ਉਧਾਰ ਸ਼ਾਮਲ ਹੈ ਜਿਸਦਾ 1 ਜਨਵਰੀ, 2021 ਤੋਂ ਬਾਅਦ ਪੂਰਾ ਭੁਗਤਾਨ ਕੀਤਾ ਗਿਆ ਸੀ। ਕੋਈ ਵੀ ਗਾਰੰਟੀਸ਼ੁਦਾ ਕਰਜ਼ੇ, ਜੋ ਤੁਹਾਡੇ ਹੋ ਸਕਦੇ ਹਨ, ਬਾਰੇ ਸੂਚਨਾ ਬਾਅਦ ਦੀ ਤਾਰੀਖ ਤੇ ਭੇਜੀ ਜਾਵੇਗੀ।

ਹੇਠਾਂ ਦਿੱਤੇ ਅਨੁਸਾਰ ਤੁਹਾਡੇ ARPA-ਯੋਗ ਸਿੱਧੇ ਕਰਜ਼ਿਆਂ ਦਾ ਪੂਰਾ ਭੁਗਤਾਨ ਹੋ ਜਾਣ ਤੋਂ ਬਾਅਦ, ਤੁਸੀਂ ਅਜੇ ਵੀ 1 ਜਨਵਰੀ, 2021 ਤੋਂ ਬਾਅਦ ਪੇਸ਼ਗੀ ਦਿੱਤੇ ਗਏ ਕਿਸੇ ਵੀ ਕਰਜ਼ੇ ਦੇ ਫੰਡਾਂ ਲਈ FSA ਦੇ ਕਰਜ਼ਾਈ ਹੋਵੋਗੇ।

**ਜੇ ਤੁਸੀਂ ਦੀਵਾਲੀਆਪਨ ਵਿੱਚ ਹੋ ਜਾਂ ਤੁਹਾਨੂੰ ਉਧਾਰ ਤੋਂ ਛੁਟਕਾਰਾ ਦੇ ਦਿੱਤਾ ਗਿਆ ਹੈ, ਤਾਂ ਇਸ ਜਾਣਕਾਰੀ ਦੀ ਸੂਚਨਾ ਛੁਟਕਾਰਾ ਦਿੱਤੇ ਉਧਾਰ ਨੂੰ ਤੁਹਾਡੀ ਨਿੱਜੀ ਦੇਣਦਾਰੀ ਦੇ ਰੂਪ ਵਿੱਚ ਇਕੱਤਰ ਕਰਨ ਜਾਂ ਵਸੂਲ ਕਰਨ ਦੀ ਕੋਸ਼ਿਸ਼ ਨਹੀਂ ਹੈ।**

ਤੁਸੀਂ ਹੇਠ ਲਿਖੇ ਤਿੰਨ ਵਿਕਲਪਾਂ ਵਿੱਚੋਂ ਇੱਕ ਦੀ ਚੋਣ ਕਰ ਸਕਦੇ ਹੋ। ਇੱਕ ਵਾਰ ਜਦੋਂ ਤੁਸੀਂ ਆਪਣੀ ਚੋਣ ਕਰ ਲੈਂਦੇ ਹੋ, ਤਾਂ ਪੂਰਾ ਕੀਤਾ ਫਾਰਮ ਆਪਣੇ ਸਥਾਨਕ FSA ਦਫਤਰ ਜਾਂ ਹੇਠ ਲਿਖਿਆਂ ਨੂੰ ਵਾਪਸ ਕੀਤਾ ਜਾ ਸਕਦਾ ਹੈ:

1400 ਇੰਡੀਪੇਂਡਡੇਂਸ ਏਵੀਨਿਓ SW, ਵਾਸ਼ਿੰਗਟਨ, ਡੀਸੀ 20250

ਫ਼ੈਕਸ: (202) 555-5555

ਈਮੇਲ: loan.officer@usda.gov

[ ] **ਵਿਕਲਪ 1.** ਮੈਂ ਮੇਰੇ ਯੋਗ ਸਿੱਧੇ ਕਰਜ਼ੇ ਦੇ ਉਧਾਰ ਜਾਂ ਕਿਸੇ ਅਸਟੇਟ ਜਾਂ ਮ੍ਰਿਤਕ ਵਿਅਕਤੀ ਦੇ ਮਾਮਲੇ ਵਿੱਚ, ਅਸਟੇਟ ਜਾਂ ਮ੍ਰਿਤਕ ਵਿਅਕਤੀ ਦੁਆਰਾ ਲਿੱਤੇ ਉਧਾਰ, ਜਿਸ ਦੀ ਮੈਂ ਨੁਮਾਇੰਦਗੀ ਕਰਦਾ ਹਾਂ, ਲਈ FSA ਦੁਆਰਾ ਕੀਤੀ ਗਣਨਾ ਦੇ ਅਨੁਸਾਰ ARPA ਭੁਗਤਾਨ ਨੂੰ ਸਵੀਕਾਰ ਕਰਦਾ(ਦੀ) ਹਾਂ। ਕਿਰਪਾ ਕਰਕੇ ਭੁਗਤਾਨ ਮੇਰੇ FSA ਯੋਗ ਸਿੱਧੇ ਕਰਜ਼ੇ ਦੇ ਉਧਾਰ 'ਤੇ ਜਾਂ, ਕਿਸੇ ਅਸਟੇਟ ਜਾਂ ਮ੍ਰਿਤਕ ਵਿਅਕਤੀ ਦੇ ਮਾਮਲੇ ਵਿੱਚ, ਅਸਟੇਟ ਜਾਂ ਮ੍ਰਿਤਕ ਵਿਅਕਤੀ, ਜਿਸ ਦੀ ਮੈਂ ਨੁਮਾਇੰਦਗੀ ਕਰਦਾ(ਦੀ) ਹਾਂ, ਦੁਆਰਾ ਦੇਅ ਯੋਗ ਸਿੱਧੇ ਕਰਜ਼ੇ ਦੇ ਉਧਾਰ 'ਤੇ ਲਾਗੂ ਕਰੋ ਅਤੇ ਮੇਰੇ ਦੁਆਰਾ ਹੇਠਾਂ ਪ੍ਰਦਾਨ ਕੀਤੀ ਗਈ ਬੈਂਕ ਖਾਤੇ(ਤਿਆਂ) ਦੀ ਜਾਣਕਾਰੀ ਦੀ ਵਰਤੋਂ ਕਰਕੇ ਟੈਕਸ ਦੇਣਦਾਰੀ ਵਿੱਚ ਮਦਦ ਲਈ 20 ਪ੍ਰਤੀਸ਼ਤ ਹਿੱਸੇ ਦਾ ਭੁਗਤਾਨ ਕਰੋ।

*ਮੈਂ 18 U.S.C. § 1001 ਅਨੁਸਾਰ ਸੰਘੀ ਅਪਰਾਧ ਵਜੋਂ ਸਜ਼ਾ ਦੇਣ ਯੋਗ ਝੂਠੀ ਗਵਾਹੀ ਦੇ ਜੁਰਮਾਨੇ ਹੇਠ ਮੇਰੇ ਸਭ ਤੋਂ ਉੱਤਮ ਗਿਆਨ ਨਾਲ ਪ੍ਰਮਾਣਿਤ ਕਰਦਾ(ਦੀ) ਹਾਂ, ਕਿ ਮੈਂ ਜਾਂ ਘੱਟੋ-ਘੱਟ ਇੱਕ ਕਰਜ਼ਾ ਲੈਣ ਵਾਲਾ ਜਿਸਨੇ FSA ਤੋਂ ਸਿੱਧੀ ਕਰਜ਼ਾ ਸਹਾਇਤਾ ਦੀ ਪ੍ਰਾਪਤੀ ਦੀ ਸਥਾਪਨਾ ਕਰਦਿਆਂ ਪ੍ਰੋਮੀਸਰੀ ਨੋਟ(ਟਾਂ) ਜਾਂ ਧਾਰਨਾ ਸਮਝੌਤਾ(ਤਿਆਂ) 'ਤੇ ਦਸਤਖਤ ਕੀਤੇ ਹਨ, ਸਾਲ 1990 ਦੇ ਭੋਜਨ, ਖੇਤੀਬਾੜੀ, ਸੰਭਾਲ ਅਤੇ ਵਪਾਰ ਐਕਟ ਦੀ ਧਾਰਾ 2501 (a) ਦੁਆਰਾ ਪਰਿਭਾਸ਼ਿਤ ਇੱਕ ਯੋਗ ਸਮਾਜਿਕ ਤੌਰ ਤੇ ਵਾਂਝੇ ਸਮੂਹ ਦਾ ਇੱਕ ਮੈਂਬਰ ਹਾਂ। ਇੱਕ ਸਮਾਜਿਕ ਤੌਰ ਤੇ ਵਾਂਝੇ ਸਮੂਹ ਵਿੱਚ ਹੇਠ ਦਿੱਤੇ ਕਰਜ਼ਾ ਲੈਣ ਵਾਲੇ ਸ਼ਾਮਲ ਹੁੰਦੇ ਹਨ: ਅਮਰੀਕੀ ਭਾਰਤੀ, ਅਲਾਸਕ ਦੇ ਮੂਲ ਵਸਨੀਕ, ਏਸ਼ੀਆਈ, ਕਾਲੇ, ਅਫਰੀਕੀ ਅਮਰੀਕੀ, ਹਵਾਈ ਦਵੀਪ, ਪ੍ਰਸ਼ਾਂਤ ਦਵੀਪ ਦੇ ਮੂਲ ਵਸਨੀਕ, ਜਾਂ ਹਿਸਪੈਨਿਕ ਜਾਂ ਲੈਟੀਨੋ।*

ਮੈਂ ਸਮਝਦਾ(ਦੀ) ਅਤੇ ਸਵੀਕਾਰ ਕਰਦਾ(ਦੀ) ਹਾਂ:

- ARPA ਭੁਗਤਾਨ ਸਮੇਤ FSA ਭੁਗਤਾਨ ਜਨਤਕ ਖੁਲਾਸੇ ਦੇ ਅਧੀਨ ਹਨ। ਸਿੱਟੇ ਵਜੋਂ, ARPA ਅਤੇ ਲਾਗੂ ਨਿਯਮਾਂ ਜਾਂ ਫੰਡਿੰਗ ਉਪਲੱਬਧਤਾ ਦੀਆਂ ਸੂਚਨਾਵਾਂ ਅਨੁਸਾਰ, ਕੋਈ ਵੀ ਭੁਗਤਾਨ ਕਰਨ ਤੋਂ ਬਾਅਦ, ਮੇਰਾ ਨਾਂ (ਜਾਂ ਕਿਸੇ ਅਸਟੇਟ ਜਾਂ ਮ੍ਰਿਤਕ ਵਿਅਕਤੀ ਦੇ ਮਾਮਲੇ ਵਿੱਚ, ਅਸਟੇਟ ਜਾਂ ਮ੍ਰਿਤਕ ਵਿਅਕਤੀ ਦਾ ਨਾਂ) ਜਨਤਕ ਦਸਤਾਵੇਜ਼ਾਂ ਜਾਂ ਰਿਕਾਰਡਾਂ ਵਿੱਚ ਜਾਰੀ ਕੀਤਾ ਜਾਵੇਗਾ ਅਤੇ/ਜਾਂ ਇੱਕ USDA ਅਤੇ/ਜਾਂ FSA ਦੇ ਵੈਬਪੇਜ 'ਤੇ ARPA ਭੁਗਤਾਨ ਪ੍ਰਾਪਤ ਕੀਤੇ ਹੋਏ ਦੇ ਤੌਰ ਤੇ ਸੂਚੀਬੱਧ ਕੀਤਾ ਜਾਵੇਗਾ।
- FSA ਮੇਰੀ ਰਿਪੋਰਟ ਕੀਤੀ ਗਈ ਜਾਤੀ ਅਤੇ ਨਸਲ ਨੂੰ ਜਨਤਕ ਦਸਤਾਵੇਜ਼ਾਂ ਜਾਂ ਰਿਕਾਰਡਾਂ ਜਾਂ USDA ਅਤੇ/ਜਾਂ FSA ਦੇ ਵੈਬਪੇਜ 'ਤੇ ਮੇਰੇ ਨਾਂ ਦੇ ਅੱਗੇ ਪ੍ਰਦਾਨ ਨਹੀਂ ਕਰੇਗੀ (ਜਾਂ ਕਿਸੇ ਅਸਟੇਟ ਜਾਂ ਮ੍ਰਿਤਕ ਵਿਅਕਤੀ ਦੇ ਮਾਮਲੇ ਵਿੱਚ, ਉਨ੍ਹਾਂ ਦੇ ਨਾਂ ਅੱਗੇ ਜਾਤੀ ਅਤੇ ਨਸਲ ਪ੍ਰਦਾਨ ਨਹੀਂ ਕਰੇਗੀ) ਜਦੋਂ ਇਹ ਇੱਕ ARPA ਭੁਗਤਾਨ ਪ੍ਰਾਪਤ ਕੀਤੇ ਵੱਜੋਂ ਮੇਰੇ ਨਾਂ (ਜਾਂ ਕਿਸੇ ਅਸਟੇਟ ਜਾਂ ਮ੍ਰਿਤਕ ਵਿਅਕਤੀ ਦੇ ਮਾਮਲੇ ਵਿੱਚ, ਉਨ੍ਹਾਂ ਦੇ ਨਾਂ) ਨੂੰ ਸੂਚੀਬੱਧ ਕਰਦੀ ਹੈ, ਜਦੋਂ ਤੱਕ ਕਿ ਕੋਈ ਨਿਰਧਾਰਤ ਨਹੀਂ ਕੀਤਾ ਜਾਂਦਾ ਕਿ ਜਾਤੀ ਅਤੇ ਨਸਲ ਨੂੰ PII ਨਹੀਂ

ਮੰਨਿਆ ਜਾਂਦਾ ਹੈ, ਜਾਂ ਜਦੋਂ ਤੱਕ USDA/FSA ਨੂੰ ਅਦਾਲਤ ਦੇ ਆਦੇਸ਼ ਜਾਂ ਕਾਨੂੰਨ ਜਾਂ ਨਿਯਮ ਦੇ ਅਨੁਸਾਰ ਜਾਣਕਾਰੀ ਨੂੰ ਸੂਚੀਬੱਧ ਕਰਨ ਦਾ ਨਿਰਦੇਸ਼ ਨਹੀਂ ਦਿੱਤਾ ਜਾਂਦਾ।

- FSA ਸੰਘੀ ਆਡਿਟ (ਜਿਵੇਂ ਕਿ ਸਰਕਾਰੀ ਲੇਖਾ ਦਫਤਰ ਦੁਆਰਾ ਕੀਤਾ ਜਾ ਸਕਦਾ ਹੈ) ਦੇ ਸਹਿਯੋਗ ਦੇ ਉਦੇਸ਼ਾਂ ਲਈ; ਕਿਸੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੂੰ ਸਹਿਯੋਗ ਦੇਣ ਲਈ; ਇੰਸਪੈਕਟਰ ਜਨਰਲ ਦੇ ਦਫਤਰ (OIG) ਨੂੰ ਧੋਖਾਧੜੀ, ਬਰਬਾਦੀ ਅਤੇ ਦੁਰਵਰਤੋਂ ਦੀ ਰਿਪੋਰਟ ਕਰਨ ਲਈ; ਕਿਸੇ OIG ਤਫ਼ਤੀਸ਼ ਵਿੱਚ ਸਹਿਯੋਗ ਕਰਨ ਵੇਲੇ; ਜਾਂ ਕਿਸੇ ਹੋਰ ਆਡਿਟ, ਕਾਨੂੰਨ ਲਾਗੂ ਕਰਨ ਜਾਂ ਜਾਂਚ ਦੇ ਉਦੇਸ਼ਾਂ ਲਈ, ਜਿਸ ਵਿੱਚ ਕਿਸੇ ਅਜਿਹੇ ਦੋਸ਼ਾਂ ਦੀ ਪੜਤਾਲ ਕਰਨਾ ਸ਼ਾਮਲ ਹੈ ਕਿ ਮੈਂ ARPA ਭੁਗਤਾਨ ਪ੍ਰਾਪਤ ਕਰਨ ਦੇ ਉਦੇਸ਼ ਲਈ FSA ਨੂੰ ਆਪਣੀ ਜਾਤੀ ਅਤੇ/ਜਾਂ ਨਸਲ (ਜਾਂ ਕਿਸੇ ਅਸਟੇਟ ਜਾਂ ਮ੍ਰਿਤਕ ਵਿਅਕਤੀ ਦੇ ਮਾਮਲੇ ਵਿੱਚ, ਉਸ ਦੀ ਜਾਤੀ ਅਤੇ/ਜਾਂ ਨਸਲ) ਦੀ ਗ਼ਲਤ ਰਿਪੋਰਟ/ਗ਼ਲਤ ਬਿਆਨ ਦਿੱਤਾ ਹੈ, ਸਮੇਤ ਆਪਣੀ ਕਰਜ਼ੇ ਦੀ ਫਾਈਲਾਂ ਵਿੱਚ ਕੋਈ ਵੀ ਅਤੇ ਸਾਰੀ ਜਾਣਕਾਰੀ ਪ੍ਰਦਾਨ ਕਰਨਾ ਜਾਰੀ ਰੱਖੇਗੀ।

- ARPA ਭੁਗਤਾਨ ਪ੍ਰਾਪਤ ਕਰਨਾ ਮੇਰੇ ਲਈ, ਮੇਰੇ ਫਾਰਮ ਦੇ ਸੰਚਾਲਨ ਜਾਂ ਮ੍ਰਿਤਕ ਵਿਅਕਤੀ ਜਿਸਦੀ ਮੈਂ ਨੁਮਾਇੰਦਗੀ ਕਰ ਰਿਹਾ(ਰਹੀ) ਹਾਂ, ਦੀ ਅਸਟੇਟ ਦੇ ਲਈ ਆਮਦਨੀ ਟੈਕਸ ਦੇ ਨਤੀਜੇ ਹੋ ਸਕਦੇ ਹਨ। ਜੇ ਮੇਰੇ ਕੋਈ ਸਵਾਲ ਹਨ ਤਾਂ ਕਿਸੇ ਟੈਕਸ ਪੇਸ਼ੇਵਰ ਨਾਲ ਸਲਾਹ ਮਸ਼ਵਰਾ ਕਰਨਾ ਮੇਰੀ ਜ਼ਿੰਮੇਵਾਰੀ ਹੈ। ਕਿਸੇ ਵੀ ਅਤੇ ਸਾਰੇ ਟੈਕਸਾਂ ਦਾ ਭੁਗਤਾਨ ਕਰਨਾ ਮੇਰੀ ਜ਼ਿੰਮੇਵਾਰੀ ਹੈ ਜੋ ARPA ਭੁਗਤਾਨ ਪ੍ਰਾਪਤ ਕਰਨ ਦੇ ਨਤੀਜੇ ਵਜੋਂ ਬਕਾਇਆ ਹੋ ਸਕਦੇ ਹਨ।

- ਭਾਈਚਾਰਾ-ਅਧਾਰਤ ਸੰਸਥਾਵਾਂ ਅਤੇ ਹੋਰ ਸੇਵਾ ਪ੍ਰਦਾਤਾਵਾਂ ਰਾਹੀਂ ਕਰਜ਼ਾ ਲੈਣ ਵਾਲਿਆਂ ਲਈ ਵਾਧੂ ਸਹਾਇਤਾ ਕਰਜ਼ਾ ਲੈਣ ਵਾਲਿਆਂ ਨੂੰ ਭਵਿੱਖੀ ਪੱਤਰ ਵਿੱਚ ਉਪਲੱਬਧ ਕਰਵਾਈ ਜਾਵੇਗੀ ਅਤੇ ਇਸਦੀ ਘੋਸ਼ਣਾ farmers.gov/americanrescueplan, ਤੇ GovDelivery ਅਤੇ ਇੱਕ ਪ੍ਰੈਸ ਰਿਲੀਜ਼ ਦੁਆਰਾ ਕੀਤੀ ਜਾਵੇਗੀ।

- ARPA ਭੁਗਤਾਨ ਪ੍ਰਾਪਤ ਕਰਨ ਦੇ ਨਤੀਜੇ ਦੀਵਾਲੀਆਪਨ ਦੇ ਰੂਪ ਵਿੱਚ ਹੋ ਸਕਦੇ ਹਨ ਜੇ ਮੈਂ, ਮੇਰੇ ਫਾਰਮ ਦੇ ਸੰਚਾਲਨ ਜਾਂ ਮ੍ਰਿਤਕ ਵਿਅਕਤੀ, ਜਿਸ ਦੀ ਮੈਂ ਨੁਮਾਇੰਦਗੀ ਕਰ ਰਿਹਾ(ਰਹੀ) ਹਾਂ, ਦੀ ਅਸਟੇਟ ਇਸ ਸਮੇਂ ਦੀਵਾਲੀਆਪਨ ਅਦਾਲਤ ਦੀ ਸੁਰੱਖਿਆ ਅਧੀਨ ਹੈ। USDA ਇਸ ਗੱਲ ਤੇ ਕੋਈ ਪ੍ਰਤੀਨਿਧਤਾ ਨਹੀਂ ਕਰਦਾ ਹੈ ਕਿ ਕੀ ਕਿਸੇ ਬਕਾਇਆ ਦੀਵਾਲੀਆਪਨ ਦੇ ਮਾਮਲੇ ਵਿੱਚ ਕਰਜ਼ਾ ਲੈਣ ਵਾਲੇ ਨੂੰ ਸਿੱਧਾ ਭੁਗਤਾਨ ਕਰਨਾ ਦੀਵਾਲੀਆ ਅਸਟੇਟ ਦੀ ਸੰਪਤੀ ਦਾ ਗਠਨ ਕਰਦੀ ਹੈ ਜਾਂ ਨਹੀਂ। ARPA ਅਧੀਨ ਪ੍ਰਾਪਤ ਹੋਏ ਕਿਸੇ ਵੀ ਭੁਗਤਾਨਾਂ ਤੇ ਦੀਵਾਲੀਆਪਨ ਦੇ ਪ੍ਰਭਾਵ ਬਾਰੇ ਚਰਚਾ ਲਈ ਦੀਵਾਲੀਆਪਨ ਪੇਸ਼ੇਵਰਾਂ ਜਾਂ ਸਲਾਹਕਾਰਾਂ ਨਾਲ ਸਲਾਹ ਮਸ਼ਵਰਾ ਕਰਨਾ.ਮੇਰੀ ਜ਼ਿੰਮੇਵਾਰੀ ਹੈ।

- ਮੈਂ ਇਸ ਰਾਹੀਂ ARPA ਗਣਨਾ ਵਰਕਸ਼ੀਟ 'ਤੇ FSA ਕਾਲਮ ਨੂੰ ਭੁਗਤਾਨ ਕੀਤੀ ਰਕਮ ਵਿੱਚ ਦਰਸਾਏ ਅਨੁਸਾਰ ਯੋਗ ਸਿੱਧੇ ਕਰਜ਼ੇ ਦੇ ਉਧਾਰ ਦੀ ਰਕਮ ਲਈ FSA ਨੂੰ ARPA ਭੁਗਤਾਨ ਨਿਰਧਾਰਤ ਕਰਦਾ(ਦੀ) ਹਾਂ।

- ਜੇ ਮੇਰੇ ਕਰਜ਼ੇ ਦਾ ਭੁਗਤਾਨ ਇਸ ਸਮੇਂ ਪਹਿਲਾਂ-ਤੋਂ-ਅਧਿਕਾਰਤ ਉਧਾਰ (PAD) ਜਾਂ ਡੇਅਰੀ, ਪੋਲਟਰੀ ਜਾਂ ਕੰਮ (ਅਸਾਈਨਮੇਂਟ) ਦੀ ਕਿਸੇ ਹੋਰ ਕਿਸਮਾਂ ਰਾਹੀਂ ਕੀਤੇ ਜਾ ਰਹੇ ਹਨ, ਤਾਂ ਮੇਰਾ PAD ਜਾਂ ਕੰਮ ਰੱਦ ਕਰ ਦਿੱਤਾ ਜਾਵੇਗਾ।

- ARPA ਗਣਨਾ ਵਰਕਸ਼ੀਟ 'ਤੇ ਕਰਜ਼ਾ ਲੈਣ ਵਾਲੇ(ਲਿਆਂ) ਨੂੰ ਭੁਗਤਾਨ ਕੀਤੀ ਕੁੱਲ ਰਕਮ ਦੇ ਕਾਲਮ(ਮਾਂ) ਵਿੱਚ ਦਰਸਾਇਆ ਗਿਆ ARPA ਭੁਗਤਾਨ ਮੇਰੇ ਦੁਆਰਾ ਪ੍ਰਦਾਨ ਕੀਤੀ ਗਈ ਬੈਂਕਿੰਗ ਜਾਣਕਾਰੀ ਦੀ ਵਰਤੋਂ ਕਰਦੇ ਹੋਏ ਇਲੈਕਟ੍ਰਾਨਿਕ ਰੂਪ ਵਿੱਚ ਕੀਤੀ ਜਾਵੇਗੀ।

- ਜੇ ਮੇਰੇ ਕਰਜ਼ੇ ਦੀ ਕਿਸ਼ਤ ਬਕਾਇਆ ਹੈ, ਤਾਂ ਮੈਨੂੰ ਅਜੇ ਵੀ ਇੱਕ ਸਵੈਚਾਲਤ ਭੁਗਤਾਨ ਯਾਦ (ਰਿਮਾਇੰਡਰ) ਪੱਤਰ ਮਿਲ ਸਕਦਾ ਹੈ। ਮੈਂ ਸਮਝਦਾ(ਦੀ) ਹਾਂ ਕਿ ਮੈਂ ਕਿਸੇ ਵੀ ਕਰਜ਼ਿਆਂ ਲਈ ਯਾਦ ਪੱਤਰ ਨੂੰ ਨਜ਼ਰਅੰਦਾਜ ਕਰ ਸਕਦਾ(ਦੀ) ਹਾਂ ਜੋ ARPA ਗਣਨਾ ਵਰਕਸ਼ੀਟ ਤੇ ਸੂਚੀਬੱਧ ਹਨ।

- 1 ਜਨਵਰੀ, 2021 ਤੋਂ ਬਾਅਦ ARPA ਗਣਨਾ ਵਰਕਸ਼ੀਟ 'ਤੇ ਸੂਚੀਬੱਧ ਕਰਜ਼ਿਆਂ ਤੇ ਲਾਗੂ ਕਿਸੇ ਵੀ ਭੁਗਤਾਨ ਨੂੰ ਮੁਢਲੇ ਕਰਜ਼ਾ ਲੈਣ ਵਾਲੇ ਨੂੰ ਵਾਪਸ ਕਰ ਦਿੱਤਾ ਜਾਵੇਗਾ।

- ARPA ਭੁਗਤਾਨਾਂ ਦੀ ਸੰਖਿਆ ਦੇ ਕਾਰਨ, ਜਿਨ੍ਹਾਂ ਤੇ ਲਾਜ਼ਮੀ ਤੌਰ ਤੇ ਕਾਰਵਾਈ ਕੀਤੀ ਜਾਣੀ ਹੈ, FSA ਨੂੰ ਭੁਗਤਾਨ ਦੀ ਕਾਰਵਾਈ ਕਰਨ ਵਿੱਚ ਕਈ ਹਫ਼ਤੇ ਜਾਂ ਵੱਧ ਸਮਾਂ ਲਗ ਸਕਦਾ ਹੈ। ਭੁਗਤਾਨ ਦੀ ਕਾਰਵਾਈ ਕੀਤੇ ਜਾਣ ਤੋਂ ਬਾਅਦ, ਜੇ ਅਜਿਹੀ ਕੋਈ ਸੰਪੱਤੀ ਸੀ ਜੋ FSA ਦੇ ਕਰਜ਼ੇ ਲਈ ਸੁਰੱਖਿਆ ਵਜੋਂ ਰੱਖੀ ਗਈ ਸੀ, ਤਾਂ FSA ਮੈਨੂੰ FSA ਲਿਅਨ ਜਾਰੀ ਕਰਨ ਲਈ ਲੋੜੀਂਦੇ ਦਸਤਾਵੇਜ਼ ਮੇਲ ਕਰੇਗੀ। ਜਦੋਂ ਤੱਕ ਰਾਜ ਦੇ ਕਾਨੂੰਨ ਦੁਆਰਾ ਲੋੜੀਂਦਾ ਨਹੀਂ ਹੁੰਦਾ, ਉਸ ਕਾਉਂਟੀ/ਰਾਜ ਵਿੱਚ ਲਾਗੂ ਦਫਤਰ ਜਾਂ ਇਕਾਈ ਕੋਲ ਲਿਅਨ ਦੀ ਰਿਹਾਈ ਦਰਜ/ਰਿਕਾਰਡ ਕਰਨਾ ਮੇਰੀ ਜ਼ਿੰਮੇਵਾਰੀ ਹੈ, ਜਿੱਥੇ ਸੰਪਤੀ ਸਥਿਤ ਹੈ।

- ਹੇਠਾਂ ਦਿੱਤਾ ਗਿਆ ਚਾਰਟ ਦੱਸਦਾ ਹੈ ਕਿ ਮੇਰੇ ਭੁਗਤਾਨ ਦੀ ਵੰਡ ਕਿਵੇਂ ਕੀਤੀ ਜਾਵੇਗੀ ਅਤੇ ਕਿਸ ਨੂੰ ਇਸ ਫਾਰਮ ਤੇ ਦਸਤਖਤ ਕਰਨ ਦੀ ਲੋੜ ਹੈ। ਭੁਗਤਾਨ ਜਾਰੀ ਕੀਤੇ ਜਾਣ ਲਈ ਸਾਰੇ ਲੋੜੀਂਦੇ ਦਸਤਖਤ ਪ੍ਰਾਪਤ ਕਰਨਾ ਮੇਰੀ/ਸਾਡੀ ਜ਼ਿੰਮੇਵਾਰੀ ਹੈ:

**ARPA ਭੁਗਤਾਨ ਵੰਡ ਦ੍ਰਿਸ਼**

| ਕਰਜ਼ਾ ਲੈਣ ਵਾਲੇ ਦੀ ਕਿਸਮ | ਕਰਜ਼ਾ ਅਦਾ ਕਰਨ ਲਈ ਪੈਸੇ (ਫੰਡ) ਦੀ ਵੰਡ (IRS ਫਾਰਮ 1099- G ਤੇ ਆਮਦਨੀ ਵਜੋਂ ਰਿਪੋਰਟ ਕੀਤੀ ਜਾਵੇਗੀ) | ਵਾਧੂ 20% ਭੁਗਤਾਨ ਦੀ ਵੰਡ (IRS ਫਾਰਮ 1099- G ਤੇ ਆਮਦਨੀ ਵਜੋਂ ਰਿਪੋਰਟ ਕੀਤੀ ਜਾਵੇਗੀ) | FSA-2601 ਦਸਤਖਤ ਜ਼ਰੂਰਤਾਂ | ਵਿੱਤੀ ਸੰਸਥਾ ਦੀ ਲੋੜੀਂਦੀ ਜਾਣਕਾਰੀ | ਟਿੱਪਣੀਆਂ |
|---|---|---|---|---|---|
| **SDA ਵਿਅਕਤੀ** | SDA ਵਿਅਕਤੀ ਦੀ ਸਾਰੀ ਜਿੰਮੇਵਾਰੀ | ਸਾਰੇ SDA ਵਿਅਕਤੀ ਲਈ | SDA ਵਿਅਕਤੀ | SDA ਵਿਅਕਤੀ ਦੁਆਰਾ ਖਾਤੇ ਦਾ ਦਿੱਤਾ ਗਿਆ ਵੇਰਵਾ | ਭੁਗਤਾਨ ਕੀਤੀ ਵਿਆਜ ਦੀ ਰਕਮ IRS ਫਾਰਮ 1098 ਵਿੱਚ ਹਮੇਸ਼ਾਂ ਮੁਢਲੇ ਕਰਜ਼ਾ ਲੈਣ ਵਾਲੇ ਨੂੰ ਰਿਪੋਰਟ ਕੀਤੀ ਜਾਵੇਗੀ। IRS ਨੂੰ ਰਿਪੋਰਟ ਕਿਵੇਂ ਕੀਤਾ ਜਾਵੇ ਇਸ ਬਾਰੇ ਕਰਜ਼ਾ ਲੈਣ ਵਾਲੇ ਪੇਸ਼ੇਵਰ ਦੀ ਸਲਾਹ ਲੈ ਸਕਦੇ ਹਨ।<br>ਇੱਕ ਰਸਮੀ ਇਕਾਈ ਦੀ ਇੱਕ ਵਿਲੱਖਣ ਟੈਕਸ ID ਹੁੰਦੀ ਹੈ, ਜਦੋਂ ਕਿ ਇੱਕ ਗੈਰ ਰਸਮੀ ਇਕਾਈ ਕਰਜ਼ਾ ਲੈਣ ਵਾਲਿਆਂ ਵਿੱਚੋਂ ਕਿਸੇ ਦੇ SSN ਦੀ ਵਰਤੋਂ ਕਰਦੀ ਹੈ।<br>ਸਾਰੇ SDA ਕਰਜ਼ਾ ਲੈਣ ਵਾਲਿਆਂ ਨੂੰ ਇਹ ਯਕੀਨੀ ਬਣਾਉਣ ਲਈ ਕਿ ਉਹ ਪ੍ਰੋਗਰਾਮ ਦੇ ਲਾਭ, ਜਿਸ ਦੇ ਉਹ ਹੱਕਦਾਰ ਹਨ, ਨੂੰ ਸਮਝਦੇ ਹਨ ਅਤੇ ਉਸ ਲਈ ਸਹਿਮਤ ਹਨ, ਲਈ ਦਸਤਖਤ ਕਰਨ ਦੀ ਲੋੜ ਹੈ। |
| **ਰਸਮੀ ਇਕਾਈ, ਘੱਟੋ-ਘੱਟ ਇੱਕ SDA ਕਰਜ਼ਾ ਲੈਣ ਵਾਲਾ** | ਇਕਾਈ ਦੀ ਸਾਰੀ ਜਿੰਮੇਵਾਰੀ | ਸਾਰੀ ਇਕਾਈ ਲਈ | ਸਾਰੇ SDA ਕਰਜ਼ਾ ਲੈਣ ਵਾਲੇ | ਇਕਾਈ ਦੁਆਰਾ ਖਾਤੇ ਦਾ ਦਿੱਤਾ ਗਿਆ ਵੇਰਵਾ | |
| **ਗੈਰ ਰਸਮੀ ਇਕਾਈ/ਵਿਆਹੁਤਾ ਜੋੜਾ, ਘੱਟੋ-ਘੱਟ ਇੱਕ SDA ਕਰਜ਼ਾ ਲੈਣ ਵਾਲਾ** | ਸਾਰੇ ਕਰਜ਼ਾ ਲੈਣ ਵਾਲਿਆਂ ਦੀ ਬਰਾਬਰ ਜਿੰਮੇਵਾਰੀ | ਸਾਰੇ ਕਰਜ਼ਾ ਲੈਣ ਵਾਲਿਆਂ ਦੀ ਬਰਾਬਰ ਜਿੰਮੇਵਾਰੀ | ਸਾਰੇ ਕਰਜ਼ਾ ਲੈਣ ਵਾਲੇ | ਸਾਰੇ ਕਰਜ਼ਾ ਲੈਣ ਵਾਲਿਆਂ ਦੁਆਰਾ ਖਾਤੇ ਦੇ ਦਿੱਤੇ ਗਏ ਵੇਰਵੇ | |

- ਜੇ ਇਸ ਸੂਚਨਾ ਦੀ ਤਾਰੀਖ ਤੋਂ 60 ਦਿਨਾਂ ਦੇ ਅੰਦਰ ਘੱਟੋ-ਘੱਟ ਇੱਕ, ਪਰ ਸਾਰੇ ਨਹੀਂ, ਲੋੜੀਂਦੇ ਦਸਤਖਤ ਪ੍ਰਾਪਤ ਹੋ ਜਾਂਦੇ ਹਨ, ਤਾਂ ਜਿਨ੍ਹਾਂ ਕਰਜ਼ਾ ਲੈਣ ਵਾਲਿਆਂ ਨੇ ਦਸਤਖਤ ਨਹੀਂ ਕੀਤੇ ਹਨ, ਤਾਂ ਉਹਨਾਂ ਨੂੰ ਆਪਣੇ ਅਪੀਲ ਦੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਵੇਗਾ। ਜੇ 30 ਦਿਨਾਂ ਦੇ ਅੰਦਰ ਕਿਸੇ ਅਪੀਲ ਦੀ ਬੇਨਤੀ ਨਹੀਂ ਕੀਤੀ ਜਾਂਦੀ, ਤਾਂ FSA ਇਸ ਨੋਟਿਸ ਵਿੱਚ ਦੱਸੇ ਅਨੁਸਾਰ ਭੁਗਤਾਨ ਦੀ ਕਾਰਵਾਈ ਕਰੇਗੀ।

- USDA ਨੂੰ ਅੱਗੇ ਵਧਣ ਦੇ ਯੋਗ ਕਰਨ ਲਈ, ਇਸ ਫਾਰਮ ਤੇ ਸਾਰੇ ਸਮਾਜਿਕ ਤੌਰ ਤੇ ਵਾਂਝੇ ਕਰਜ਼ਾ ਲੈਣ ਵਾਲਿਆਂ ਦੁਆਰਾ ਲਾਜ਼ਮੀ ਤੌਰ ਤੇ ਦਸਤਖਤ ਕਰਨੇ ਅਤੇ ਤਾਰੀਖ ਪਾਈ ਜਾਣੀ ਚਾਹੀਦੀ ਹੈ ਅਤੇ ਉਹ ਸਾਰੇ ਕਰਜ਼ਾ ਲੈਣ ਵਾਲੇ ਜੋ ਭੁਗਤਾਨ ਦੀ ਵੰਡ ਵਿੱਚ ਸ਼ਾਮਲ ਹੋਣਗੇ, ਨੂੰ ਵਿੱਤ ਸੰਸਥਾ ਦੀ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

[ ]  **ਵਿਕਲਪ 2.** ਮੇਰੇ ਦੁਆਰਾ ਫੈਸਲਾ ਲਏ ਜਾਣ ਤੋਂ ਪਹਿਲਾਂ, ਮੈਂ ਇਸ ਨੋਟਿਸ (ਉਦਾਹਰਣ ਲਈ, ਜੇ ਮੈਂ ਗਣਨਾ ਨਾਲ ਸਹਿਮਤ ਨਹੀਂ ਹਾਂ, ਜੇਕਰ ਕਿਸੇ ਗਲਤੀ ਦੀ ਪਛਾਣ ਕੀਤੀ ਜਾਂਦੀ ਹੈ, ਜਾਂ ਜੇ ਮੈਂ ਭੁਗਤਾਨ ਦੀ ਵੰਡ ਨਾਲ ਸਹਿਮਤ ਨਹੀਂ ਹਾਂ) ਤੇ ਚਰਚਾ ਕਰਨ ਲਈ ਜਾਂ ਅਪਡੇਟ ਕੀਤੀ ਜਾਣਕਾਰੀ, ਜੋ ਭੁਗਤਾਨ ਦੀ ਵੰਡ ਨੂੰ ਪ੍ਰਭਾਵਿਤ ਕਰ ਸਕਦੀ ਹੈ, ਪ੍ਰਦਾਨ ਕਰਨ ਲਈ ਸਥਾਨਕ FSA ਦਫ਼ਤਰ ਨਾਲ ਇੱਕ ਮੀਟਿੰਗ ਦਾ ਸਮਾਂ ਤੈਅ ਕਰਨਾ ਚਾਹੁੰਦਾ ਹਾਂ। ਮੇਰੀ ਮੁਲਾਕਾਤ ਦੀ ਤਰਜੀਹ ਇਹ ਹੈ:

- [ ] ਮੇਰੇ ਫ਼ੋਨ ਨੰਬਰ ____________________________________________ 'ਤੇ ਟੈਲੀਫੋਨ ਮੀਟਿੰਗ।

  [ ] FSA ਦਫਤਰ ਵਿਖੇ ਵਿਅਕਤੀਗਤ ਰੂਪ ਵਿੱਚ। ਹਾਲਾਂਕਿ, ਮੈਂ ਸਮਝਦਾ(ਦੀ) ਜਾਂ ਸਵੀਕਾਰ ਕਰਦਾ(ਦੀ) ਹਾਂ ਕਿ ਵਿਅਕਤੀਗਤ ਮੀਟਿੰਗ ਦਾ ਸਮਾਂ ਤੈਅ ਕਰਨਾ ਕੋਵਿਡ-19 ਦੇ ਕਾਰਨ ਸਥਾਨਕ, ਰਾਜ ਜਾਂ ਸੰਘੀ ਪਾਬੰਦੀਆਂ ਕਾਰਨ ਸੰਭਵ ਨਹੀਂ ਹੋ ਸਕਦਾ।

- FSA ਮੀਟਿੰਗ ਲਈ ਤੁਹਾਡੀ ਬੇਨਤੀ ਪ੍ਰਾਪਤ ਕਰਨ ਦੇ ਸੱਤ (7) ਦਿਨਾਂ ਦੇ ਅੰਦਰ ਤੁਹਾਡੇ ਨਾਲ ਸੰਪਰਕ ਕਰੇਗਾ।

[ ]  **ਵਿਕਲਪ 3.** ਮੈਂ ARPA ਭੁਗਤਾਨ ਪ੍ਰਾਪਤ ਨਹੀਂ ਕਰਨਾ ਚਾਹੁੰਦਾ(ਦੀ)। ਮੈਂ ਸਮਝਦਾ(ਦੀ) ਜਾਂ ਸਵੀਕਾਰ ਕਰਦਾ(ਦੀ) ਹਾਂ ਕਿ ARPA ਭੁਗਤਾਨ ਨੂੰ ਸਵੀਕਾਰ ਨਾ ਕਰਨ ਦਾ ਮੇਰਾ ਫੈਸਲਾ ਅੰਤਿਮ ਅਤੇ ਅਟੱਲ ਹੈ। ਮੈਂ ਸਮਝਦਾ(ਦੀ) ਜਾਂ ਸਵੀਕਾਰ ਕਰਦਾ(ਦੀ) ਹਾਂ ਕਿ FSA, FSA ਨਿਯਮਾਂ ਅਤੇ ਡੈਬਟ ਕਲੈਕਸ਼ਨ ਇੰਪਰੂਵਮੈਂਟ ਐਕਟ 1996 (DCIA) ਦੀਆਂ ਲੋੜਾਂ ਅਨੁਸਾਰ ਉਧਾਰ ਦੀ ਸੇਵਾ ਜਾਰੀ ਰੱਖੇਗਾ।

ਦਿਲੋਂ,

ਸ਼ੇਲਾ ਓਲਰਿਚ (Sheila Oellrich)
ਪ੍ਰੋਗਰਾਮ ਵਿਸ਼ਲੇਸ਼ਕ

ਹੇਠਾਂ ਦਿੱਤਾ ਬਿਆਨ 1974 ਦਾ ਨਿੱਜਤਾ ਐਕਟ (5 USC 552a - ਜਿਵੇਂ ਕਿ ਸੋਧਿਆ ਗਿਆ) ਅਨੁਸਾਰ ਬਣਾਇਆ ਗਿਆ ਹੈ। ਇਸ ਫਾਰਮ 'ਤੇ ਪਛਾਣ ਕੀਤੀ ਗਈ ਜਾਣਕਾਰੀ ਲਈ ਬੇਨਤੀ ਕਰਨ ਲਈ ਅਥਾਰਟੀ 2021 ਦਾ ਅਮਰੀਕੀ ਬਚਾਅ ਯੋਜਨਾ ਐਕਟ (ARPA), 1987 ਦਾ ਕੰਪਿਊਟਰ ਸੁਰੱਖਿਆ ਐਕਟ (ਪ੍ਰਕਾਸ਼ਤ L. 100-235), OMB ਸਰਕੂਲਰ A-123, 1982 ਦਾ ਸੰਘੀ ਮੈਨੇਜਰ ਦਾ ਵਿੱਤੀ ਏਕੀਕਰਣ ਐਕਟ ਅਤੇ 1974 ਦਾ ਨਿੱਜਤਾ ਐਕਟ (5 USC 552a – ਸੋਧੇ ਅਨੁਸਾਰ) ਹੈ। ਜਾਣਕਾਰੀ ਨੂੰ ARPA ਅਤੇ ਲਾਗੂ ਨਿਯਮਾਂ ਅਨੁਸਾਰ ਭੁਗਤਾਨ ਲਈ ਗਾਹਕ ਦੀ ਬੇਨਤੀ 'ਤੇ ਕਾਰਵਾਈ ਕਰਨ ਲਈ USDA ਅਤੇ FSA ਦੇ ਰਿਕਾਰਡਾਂ ਵਿੱਚ ਗਾਹਕ ਦੀ ਜਨਸਾਂਖਕੀ ਸਬੰਧੀ ਜਾਣਕਾਰੀ ਦੀ ਤਸਦੀਕ ਕਰਨ (ਜਾਂ ਜੇ ਲੋੜ ਹੋਵੇ ਤਾਂ ਅਪਡੇਟ ਕਰਨ) ਲਈ ਵਰਤੀ ਜਾਵੇਗੀ। ਇਸ ਫਾਰਮ 'ਤੇ ਇਕੱਤਰ ਕੀਤੀ ਗਈ ਜਾਣਕਾਰੀ ਦਾ ਖੁਲਾਸਾ ਹੋਰ ਸੰਘੀ, ਰਾਜ, ਸਥਾਨਕ ਸਰਕਾਰਾਂ ਏਜੰਸੀਆਂ, ਕਬੀਲਿਆਂ ਦੀਆਂ ਏਜੰਸੀਆਂ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਕਾਨੂੰਨ ਅਤੇ ਨਿਯਮ ਦੁਆਰਾ ਅਤੇ/ਜਾਂ ਜਿਵੇਂ ਸਿਸਟਮ ਆਫ਼ ਰਿਕਾਰਡ ਨੋਟਿਸੇਸ, USDA/ FSA-2, ਫਾਰਮ ਰਿਕਾਰਡ ਫਾਈਲ (ਸਵੈਚਾਲਤ) ਅਤੇ USDA/FSA -14, ਬਿਨੈਕਾਰ/ਕਰਜ਼ਾ ਲੈਣ ਵਾਲਿਆਂ ਵਿੱਚ ਪਛਾਣ ਕੀਤੇ ਲਾਗੂ ਨਿਯਮਿਤ ਇਸਤੇਮਾਲਾਂ ਵਿੱਚ ਦੱਸੇ ਅਨੁਸਾਰ, ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਕਰਨਾ ਸਵੈਇੱਛੁਕ ਹੈ। ਹਾਲਾਂਕਿ, ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਕਰਨ ਵਿੱਚ ਅਸਫਲ ਹੋਣ ਦੇ ਨਤੀਜੇ ਵਜੋਂ ਇਹ ਨਿਰਧਾਰਤ ਕੀਤਾ ਜਾ ਸਕਦਾ ਹੈ ਕਿ FSA ਭੁਗਤਾਨ ਲਈ ਗਾਹਕ ਦੀ ਬੇਨਤੀ 'ਤੇ ਕਾਰਵਾਈ ਨਹੀਂ ਕਰ ਸਕਦਾ।

ਅਪਰਾਧਿਕ ਅਤੇ ਨਾਗਰਿਕ ਧੋਖਾਧੜੀ, ਗੋਪਨਿਯਤਾ ਅਤੇ ਹੋਰ ਕਾਨੂੰਨਾਂ ਦੇ ਪ੍ਰਬੰਧ ਦਿੱਤੀ ਗਈ ਜਾਣਕਾਰੀ 'ਤੇ ਲਾਗੂ ਹੋ ਸਕਦੇ ਹਨ।

ਸੰਘੀ ਨਾਗਰਿਕ ਅਧਿਕਾਰ ਕਾਨੂੰਨ ਅਤੇ ਯੂ.ਐਸ. ਖੇਤੀਬਾੜੀ ਵਿਭਾਗ (USDA) ਦੇ ਨਾਗਰਿਕ ਅਧਿਕਾਰ ਨਿਯਮਾਂ ਅਤੇ ਨੀਤੀਆਂ, USDA, ਇਸ ਦੀਆਂ ਏਜੰਸੀਆਂ, ਦਫਤਰਾਂ ਅਤੇ ਕਰਮਚਾਰੀਆਂ ਅਤੇ USDA ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਜਾਂ ਇਸਨੂੰ ਪ੍ਰਸ਼ਾਸਤ ਕਰਨ ਵਾਲੀਆਂ ਸੰਸਥਾਵਾਂ ਨੂੰ USDA ਦੁਆਰਾ ਸੰਚਾਲਿਤ ਕੀਤੇ ਜਾ ਰਹੇ ਜਾਂ ਫੰਡ ਕੀਤੇ ਕਿਸੇ ਵੀ ਪ੍ਰੋਗਰਾਮ ਜਾਂ ਗਤੀਵਿਧੀ (ਸਾਰੇ ਆਧਾਰ ਸਾਰੇ ਪ੍ਰੋਗਰਾਮਾਂ ਤੇ ਲਾਗੂ ਨਹੀਂ ਹੁੰਦੇ) ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਧਰਮ, ਲਿੰਗ, ਲਿੰਗ ਪਛਾਣ (ਲਿੰਗ ਪ੍ਰਗਟਾਵੇ ਸਮੇਤ), ਜਿਨਸੀ ਝੁਕਾਅ, ਅਪਾਹਜਤਾ, ਉਮਰ, ਵਿਆਹੁਤਾ ਸਥਿਤੀ, ਪਰਿਵਾਰਕ/ਮਾਪਿਆਂ ਦੀ ਸਥਿਤੀ, ਜਨਤਕ ਸਹਾਇਤਾ ਪ੍ਰੋਗਰਾਮ ਤੋਂ ਪ੍ਰਾਪਤ ਆਮਦਨ, ਰਾਜਨੀਤਿਕ ਖਿਆਲ, ਜਾਂ ਪੂਰਵ ਦੇ ਨਾਗਰਿਕ ਅਧਿਕਾਰਾਂ ਦੀ ਗਤੀਵਿਧੀ ਲਈ ਬਦਲਾ ਜਾਂ ਇੰਤਕਾਮ ਪ੍ਰਤੀ ਵਰਜਿਤ ਹਨ। ਹੱਲ ਅਤੇ ਸ਼ਿਕਾਇਤ ਦਰਜ ਕਰਨ ਦੀ ਅੰਤਿਮ ਤਾਰੀਖ ਪ੍ਰੋਗਰਾਮ ਜਾਂ ਘਟਨਾ ਅਨੁਸਾਰ ਵੱਖਰੀਆਂ ਹੁੰਦੀਆਂ ਹਨ।

ਅਪਾਹਜਤਾ ਵਾਲੇ ਵਿਅਕਤੀਆਂ, ਜਿਨ੍ਹਾਂ ਨੂੰ ਪ੍ਰੋਗਰਾਮ ਦੀ ਜਾਣਕਾਰੀ ਲਈ ਸੰਚਾਰ ਦੇ ਬਦਲਵੇਂ ਢੰਗਾਂ ਦੀ ਜ਼ਰੂਰਤ ਹੁੰਦੀ ਹੈ (ਉਦਾਹਰਣ ਵਜੋਂ, ਬ੍ਰੇਲ, ਵੱਡਾ ਪ੍ਰਿੰਟ, ਆਡੀਓ ਟੇਪ, ਅਮਰੀਕੀ ਸੰਕੇਤ ਭਾਸ਼ਾ, ਆਦਿ) ਨੂੰ ਜ਼ਿੰਮੇਵਾਰ ਏਜੰਸੀ ਜਾਂ (202) 720-2600 ਤੇ USDA ਦੇ ਟਾਰਗੇਟ ਸੈਂਟਰ (ਆਵਾਜ਼ ਅਤੇ TTY) ਨਾਲ ਜਾਂ (800) 877-8339 'ਤੇ ਸੰਘੀ ਰੀਲੇਅ ਸੇਵਾ ਰਾਹੀਂ USDA ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਪ੍ਰੋਗਰਾਮ ਦੀ ਜਾਣਕਾਰੀ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਉਪੱਲਬਧ ਕੀਤੀ ਜਾ ਸਕਦੀ ਹੈ।

ਪ੍ਰੋਗਰਾਮ ਵਿਤਕਰੇ ਦੀ ਸ਼ਿਕਾਇਤ ਦਰਜ ਕਰਾਉਣ ਲਈ, USDA ਪ੍ਰੋਗਰਾਮ ਵਿਤਕਰਾ ਸ਼ਿਕਾਇਤ ਫਾਰਮ, AD-3027 ਨੂੰ ਪੂਰਾ ਕਰੋ, ਜੋ ਕਿ http://www.ascr.usda.gov/complaint_filing_cust.html ਤੇ ਆਨਲਾਈਨ ਅਤੇ ਕਿਸੇ ਵੀ USDA ਦਫਤਰ ਵਿੱਚ ਮਿਲ ਸਕਦਾ ਹੈ ਜਾਂ USDA ਨੂੰ ਸੰਬੋਧਿਤ ਕਰਦਿਆਂ ਪੱਤਰ ਲਿਖੋ ਅਤੇ ਪੱਤਰ ਵਿੱਚ ਬੇਨਤੀ ਕੀਤੀ ਸਾਰੀ ਜਾਣਕਾਰੀ ਪ੍ਰਦਾਨ ਕਰੋ। ਸ਼ਿਕਾਇਤ ਫਾਰਮ ਦੀ ਕਾਪੀ ਦੀ ਬੇਨਤੀ ਕਰਨ ਲਈ, (866) 632-9992 ਤੇ ਕਾਲ ਕਰੋ। ਹੇਠਾਂ ਦਿੱਤੇ ਅਨੁਸਾਰ USDA ਨੂੰ ਆਪਣਾ ਪੂਰਾ ਕੀਤਾ ਫਾਰਮ ਜਾਂ ਪੱਤਰ ਜਮ੍ਹਾਂ ਕਰੋ: (1) ਮੇਲ: ਸਿਵਲ ਅਧਿਕਾਰਾਂ ਦੇ ਸਹਾਇਕ ਸੈਕਟਰੀ ਦਾ ਯੂ.ਐਸ. ਖੇਤੀਬਾੜੀ ਵਿਭਾਗ ਦਫਤਰ 1400 ਇੰਡੀਪੈਂਡੇਂਸ ਐਵੇਨਿਊ, SW ਵਾਸ਼ਿੰਗਟਨ, ਡੀ.ਸੀ, 20250-9410; (2) ਫੈਕਸ: (202) 690-7442; ਜਾਂ (3) ਈਮੇਲ: program.intake@usda.gov. USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।

# 2021 ਦਾ ਅਮਰੀਕੀ ਬਚਾਅ ਯੋਜਨਾ ਐਕਟ (ARPA) ਸੈਕਸ਼ਨ 1005 ਕਰਜ਼ਾ ਭੁਗਤਾਨ

## ਗਣਨਾ ਵਰਕਸ਼ੀਟ

## ਸਿੱਧੇ ਫਾਰਮ ਕਰਜ਼ੇ

**ਮੁਢਲੇ ਕਰਜ਼ਾ ਲੈਣ ਵਾਲੇ ਦਾ ਨਾਂ:** ਜੋ ਫਾਰਮਰ ਜੂਨੀਅਰ (Joe Farmer Jr) **ਕੇਸ ਨੰਬਰ:** 01-001-*****1234

| ਸਿੱਧੇ ਕਰਜ਼ੇ | | | | | | | ਭੁਗਤਾਨ ਦੀ ਵੰਡ | |
|---|---|---|---|---|---|---|---|---|
| ਕਰਜ਼ਾ ਸੰਖਿਆ | ਕਰਜ਼ੇ ਦੀ ਤਾਰੀਖ | 1/1/2021 ਤੱਕ ਗੈਰ-ਭੁਗਤਾਨ ਕੀਤਾ ਮੂਲ ਧਨ | 1/1/2021 ਤੱਕ ਗੈਰ-ਭੁਗਤਾਨ ਵਿਆਜ | 1/1/2021 ਤੋਂ ਬਾਅਦ ਸੁਰੱਖਿਅਤ ਪੇਸ਼ਗੀਆਂ | ਕੁੱਲ ਪੇਆਫ਼ (ਅਦਾ) | ਗਣਨਾ ਕੀਤਾ ARPA ਭੁਗਤਾਨ | FSA ਨੂੰ ਭੁਗਤਾਨ ਕੀਤੀ ਕੁੱਲ ਰਕਮ | ਕਰਜ਼ਾ ਲੈਣ ਵਾਲੇ (ਲਿਆਂ) ਨੂੰ ਭੁਗਤਾਨ ਕੀਤੀ ਕੁੱਲ ਰਕਮ |
| **44-01 OL** | 3/14/1991 | $ 21,061.74 | $ 3,526.25 | $ 1,000.00 | $ 25,587.99 | $ 30,705.59 | $ 25,587.99 | $ 5,117.60 |
| **44-09 OL** | 3/11/2015 | $ 31,854.92 | $ 2,299.33 | $ - | $ 34,154.25 | $ 40,985.10 | $ 34,154.25 | $ 6,830.85 |
| **44-10 OL** | 3/11/2015 | $ 90,634.67 | $ 6,545.81 | $ - | $ 97,180.48 | $ 1,16,616.58 | $ 97,180.48 | $ 19,436.10 |
| **41-11 FO** | 3/11/2015 | $ 1,26,065.24 | $ 25,818.30 | $ - | $ 1,51,883.54 | $ 1,82,260.25 | $ 1,51,883.54 | $ 30,376.71 |
| **44-12 OL** | 3/11/2015 | $ 78,120.70 | $ 3,410.54 | $ - | $ 81,531.24 | $ 97,837.49 | $ 81,531.24 | $ 16,306.25 |
| **43-13 EM** | 3/11/2015 | $ 90,634.67 | $ 6,545.81 | $ - | $ 97,180.48 | $ 1,16,616.58 | $ 97,180.48 | $ 19,436.10 |
| **44-14 OL** | 3/11/2015 | $ 26,065.24 | $ 25,818.30 | $ - | $ 51,883.54 | $ 62,260.25 | $ 51,883.54 | $ 10,376.71 |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| | | $ - | $ - | $ - | $ - | $ - | $ - | $ - |
| **ਕੁੱਲ** | | **$ 4,64,437.18** | **$ 73,964.34** | **$ 1,000.00** | **$ 5,39,401.52** | **$ 6,47,281.82** | **$ 5,39,401.52** | **$ 1,07,880.30** |

## ਜੋ ਫਾਰਮਰ ਜੂਨੀਅਰ (Joe Farmer Jr), ਪ੍ਰਾਇਮਰੀ ਨੂੰ ARPA ਭੁਗਤਾਨ ਵੰਡ

| | FSA ਨੂੰ ਭੁਗਤਾਨ ਕੀਤੀ ਰਕਮ |
|---|---|
| ਕੁੱਲ ਰਕਮ: | $ 5,39,401.52 |
| ਜੋ ਫਾਰਮਰ ਜੂਨੀਅਰ (Joe Farmer Jr) ਦੀ ਜ਼ਿੰਮੇਵਾਰੀ ਵਾਲੀ ਰਕਮ: | $ 539,401.52 |

| | ਕਰਜ਼ਾ ਲੈਣ ਵਾਲਿਆਂ ਨੂੰ ਭੁਗਤਾਨ ਕੀਤੀ ਰਕਮ |
|---|---|
| ਕੁੱਲ ਰਕਮ: | $ 1,07,880.30 |
| ਜੋ ਫਾਰਮਰ ਜੂਨੀਅਰ (Joe Farmer Jr) ਨੂੰ ਭੁਗਤਾਨ ਕੀਤੀ ਗਈ ਰਕਮ: | $ 107,880.30 |

## ਵਿੱਤੀ ਸੰਸਥਾ ਦੀ ਜਾਣਕਾਰੀ - ਰੱਦ ਕੀਤੇ ਚੈੱਕ ਦੀ ਇੱਕ ਕਾਪੀ ਵੀ ਜ਼ਰੂਰ ਨੱਥੀ ਕਰੋ

**ਬੈਂਕ ਦਾ ਨਾਂ**

**ਨੌ-ਅੰਕ ਦਾ ਰਾਊਟਿੰਗ ਨੰਬਰ**

**ਖਾਤਾ ਨੰਬਰ**

**ਖਾਤਾ ਧਾਰਕ ਦਾ ਨਾਂ**

☐ **ਜਾਂਚ (ਚੇਕਿੰਗ)** ☐ **ਬਚਤ (ਸੇਵਿੰਗ)**

**ਖਾਤੇ ਦੀ ਕਿਸਮ**

## ਦਸਤਖ਼ਤ

ਇਹ ਫਾਰਮ ਸਾਰੇ ਸਮਾਜਿਕ ਤੌਰ ਤੇ ਵਾਂਝੇ ਕਰਜ਼ਾ ਲੈਣ ਵਾਲਿਆਂ ਦੁਆਰਾ ਲਾਜ਼ਮੀ ਤੌਰ ਤੇ ਦਸਤਖਤ ਕੀਤਾ ਅਤੇ ਤਾਰੀਖ ਪਾਇਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਪ੍ਰੋਮੀਸਰੀ ਨੋਟ(ਸ) ਜਾਂ ਧਾਰਨਾ ਸਮਝੌਤੇ(ਤਿਆਂ)' ਤੇ ਦਸਤਖਤ ਕੀਤੇ ਸਨ ਅਤੇ ਪਹਿਲਾਂ ਉਧਾਰ ਦੀ ਜ਼ਿੰਮੇਵਾਰੀ ਤੋਂ ਬਰੀ ਨਹੀਂ ਕੀਤੇ ਗਏ ਸਨ। ਕਿਸੇ ਅਸਟੇਟ ਦੇ ਮਾਮਲੇ ਵਿੱਚ, ਮ੍ਰਿਤਕ ਵਿਅਕਤੀ 1/1/2021 ਤੱਕ ਦੇ ਕਰਜ਼ੇ ਲਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ ਅਤੇ ਇਸ ਫਾਰਮ 'ਤੇ ਅਸਟੇਟ ਵੱਲੋਂ ਕੰਮ ਕਰਨ ਲਈ ਅਧਿਕਾਰਤ ਵਿਅਕਤੀ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਹੇਠਾਂ ਦਸਤਖਤ ਕਰਕੇ, ਤੁਸੀਂ ਤਸਦੀਕ ਕਰ ਰਹੇ ਹੋ ਕਿ ਤੁਸੀਂ ਇਸ ਨੋਟਿਸ (FSA-2601) ਅਤੇ ARPA ਸੈਕਸ਼ਨ 1005 ਕਰਜ਼ਾ ਭੁਗਤਾਨ ਗਣਨਾ ਵਰਕਸ਼ੀਟ ਦੀ ਸਮੀਖਿਆ ਕੀਤੀ ਹੈ ਅਤੇ ਸਹਿਮਤ ਹੁੰਦੇ ਹੋ ਕਿ ARPA ਭੁਗਤਾਨਾਂ ਲਈ ਯੋਗ ਸਾਰੇ ਕਰਜ਼ੇ ਸ਼ਾਮਲ ਕੀਤੇ ਗਏ ਹਨ ਅਤੇ ਗਣਨਾਵਾਂ ਸਹੀ ਹਨ।

| ਜੋ ਫਾਰਮਰ ਜੂਨੀਅਰ (Joe Farmer Jr) | ਹਿਸਪੈਨਿਕ | ਗੋਰਾ |
|---|---|---|
| **ਕਰਜ਼ਾ ਲੈਣ ਵਾਲੇ ਦਾ ਨਾਂ** | **ਜਾਤੀ** | **ਨਸਲ** |

**ਦਸਤਖ਼ਤ** **ਤਾਰੀਖ**